BLACK COUNTRY LIVING MUSEUM

ਪਿਆਰੇ ਵਸਨੀਕ ਜਾਂ ਕਾਰੋਬਾਰੀ ਮਾਲਕ/ਕਬਜ਼ਾਕਰਤਾ

ਕੈਸਲ ਹਿੱਲ, ਡਡਲੀ ਵਾਸਤੇ ਵਿਕਾਸਾਂ ਦੇ ਪ੍ਰਸਤਾਵਿਤ ਅਗਲੇ ਪੜਾਅ ਦੀ ਜਾਣ ਪਛਾਣ

ਅਨਿਸ਼ਚਿਤ ਅਤੇ ਚੁਣੌਤੀਪੂਰਨ ਸਮਿਆਂ ਵਿੱਚ, ਮੈਂ ਸੱਚਮੁੱਚ ਉਮੀਦ ਕਰਦਾ ਹਾਂ ਕਿ ਤੁਸੀਂ, ਤੁਹਾਡਾ ਪਰਿਵਾਰ ਅਤੇ ਪਿਆਰੇ ਸੁਰੱਖਿਅਤ ਅਤੇ ਤੰਦਰੁਸਤ ਹੋ।

ਬਿਹਤਰ ਹਾਲਾਤਾਂ ਵਿੱਚ ਮੈਂ ਤੁਹਾਨੂੰ ਕਿਸੇ ਪ੍ਰਦਰਸ਼ਨੀ ਜਾਂ ਪੇਸ਼ਕਾਰੀ ਵਿੱਚ ਹਾਜ਼ਰ ਹੋਣ ਲਈ ਸੱਦਾ ਦੇਣਾ ਚਾਹਾਂਗਾ ਤਾਂ ਜੋ ਤੁਹਾਨੂੰ ਡਡਲੀ ਦੇ ਕੈਸਲ ਹਿੱਲ ਖੇਤਰ ਵਿੱਚ ਵਾਧਾ ਕਰਨ ਲਈ ਨਵੀਨਤਮ ਪ੍ਰਸਤਾਵਾਂ ਨਾਲ ਜੁੜਨ ਦਾ ਇੱਕ ਨਿੱਜੀ ਮੌਕਾ ਪ੍ਰਦਾਨ ਕੀਤਾ ਜਾ ਸਕੇ। ਬਦਕਿਸਮਤੀ ਨਾਲ, ਇਸ ਸਮੇਂ ਇਹ ਸੰਭਵ ਨਹੀਂ ਹੈ। ਪਰ, ਕੌਂਸਲ ਆਪਣੇ ਭਾਈਚਾਰਿਆਂ ਨੂੰ ਪੁਨਰ-ਸਿਰਜਣਾ ਸਰਗਰਮੀ ਬਾਰੇ ਸੂਚਿਤ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ, ਇਸੇ ਕਰਕੇ ਮੈਂ ਹੁਣ ਤੁਹਾਡੇ ਨਾਲ ਸੰਪਰਕ ਕਰ ਰਿਹਾ ਹਾਂ। ਇਸ ਸੰਦਰਭ ਵਿੱਚ, ਡਡਲੀ ਟਾਊਨਜ਼ ਫੰਡ ਬੋਰਡ ਅਤੇ ਡਡਲੀ ਕੌਂਸਲ ਬੋਰੋ ਦੇ ਲੋਕਾਂ ਵਾਸਤੇ ਨਵੀਨੀਕਰਨ ਕਰਨ ਲਈ ਮਿਲਕੇ ਕੰਮ ਕਰ ਰਹੇ ਹਨ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਡਡਲੀ ਟਾਊਨ ਸੈਂਟਰ ਦੇ ਅੰਦਰ ਅਤੇ ਇਸਦੇ ਆਸ-ਪਾਸ ਪੁਨਰ-ਸਿਰਜਣਾ ਹੋ ਰਹੀ ਹੈ, ਉਦਾਹਰਨ ਲਈ, ਨਵੇਂ ਡਡਲੀ ਮਨੋਰੰਜਨ ਕੇਂਦਰ 'ਤੇ ਕੰਮ ਵਧੀਆ ਤਰੀਕੇ ਨਾਲ ਚੱਲ ਰਿਹਾ ਹੈ।

ਮਿਡਲੈਂਡ ਮੈਟਰੋ ਯੂਟਿਲਿਟੀ ਵਰਕਸ, ਨੈਸ਼ਨਲ ਇਨੋਵੇਸ਼ਨ ਸੈਂਟਰ ਫਾਰ ਵੈਰੀ ਲਾਈਟ ਰੇਲ ਅਤੇ ਕੈਸਲ ਹਿੱਲ ਵਿਖੇ ਬਲੈਕ ਕੰਟਰੀ ਐਂਡ ਮਾਰਚਜ਼ ਇੰਸਟੀਚਿਊਟ ਆਫ ਟੈਕਨਾਲੋਜੀ ਵੀ ਗਤੀ ਨਾਲ ਅੱਗੇ ਵਧ ਰਹੇ ਹਨ।

ਗਰਮੀਆਂ ਵਿੱਚ ਕੌਂਸਲ ਨੇ ਡਡਲੀ ਦੀ ਇੱਕ ਫਲਾਈ-ਥਰੂ ਸ਼ੁਰੂ ਕੀਤੀ, ਜਿਸ ਨੇ ਪਹਿਲੀ ਵਾਰ, ਵਰਤਮਾਨ ਸਮੇਂ ਚੱਲ ਰਹੇ ਸਾਰੇ ਪੁਨਰ-ਨਿਰਮਾਣ ਪ੍ਰੋਜੈਕਟਾਂ ਦੀ ਇੱਕ ਸ਼ਾਨਦਾਰ ਆਡੀਓ-ਵਿਜ਼ੂਅਲ ਪੇਸ਼ਕਾਰੀ ਨੂੰ ਇਕੱਠਿਆਂ ਕੀਤਾ। ਸ਼ਹਿਰ ਦੇ ਪੁਨਰ-ਨਿਰਮਾਣ ਪ੍ਰੋਜੈਕਟਾਂ ਦੇ ਪੂਰੇ ਪੈਮਾਨੇ ਨੂੰ, ਫਲਾਈ- ਥਰੂ ਦੇ ਨਾਲ-ਨਾਲ, www.regeneratingdudley.org.uk 'ਤੇ ਦੇਖਿਆ ਜਾ ਸਕਦਾ ਹੈ ਪਰ ਅਸੀਂ ਅਜੇ ਤੱਕ ਪੂਰਾ ਨਹੀਂ ਕੀਤਾ ਹੈ।

ਕੈਸਲ ਹਿੱਲ ਵਾਸਤੇ ਪੁਨਰ-ਸਿਰਜਣਾ ਦੇ ਇਸ ਅਗਲੇ ਪੜਾਅ ਨੂੰ ਪੀਪਲਜ਼ ਪੈਨਲ ਤੋਂ ਮੁੱਖ ਲੱਭਤਾਂ ਦੁਆਰਾ ਸੂਚਿਤ ਕੀਤਾ ਗਿਆ ਹੈ – ਇੱਕ ਪਿਛਲਾ ਜਨਤਕ ਸਲਾਹ-ਮਸ਼ਵਰਾ ਜੋ ਕੌਂਸਲ ਵੱਲੋਂ ਕੀਤਾ ਗਿਆ ਸੀ।

ਕੈਸਲ ਹਿੱਲ ਵਾਸਤੇ ਨਵੀਨਤਮ ਦ੍ਰਿਸ਼ਟੀ ਵਿੱਚ ਤਿੰਨ ਮੁੱਖ ਤੱਤ ਸ਼ਾਮਲ ਹਨ:

• ਡਡਲੀ ਚਿੜੀਆਘਰ ਅਤੇ ਕੈਸਲ ਵਾਸਤੇ ਵਿਕਾਸ ਦਾ ਅਗਲਾ ਪੜਾਅ।

• ਸ਼ਹਿਰ ਦੇ ਸਿੱਖਣ ਦੇ ਕੁਆਰਟਰ ਦਾ ਵਿਸਤਾਰ ਕਰਨ ਲਈ ਨਵਾਂ ਯੂਨੀਵਰਸਿਟੀ ਸੈਂਟਰ।

• ਜਨਤਕ ਖੁੱਲ੍ਹੀਆਂ ਥਾਵਾਂ ਅਤੇ ਕੈਸਲ ਹਿੱਲ ਤੋਂ ਟਾਊਨ ਸੈਂਟਰ ਤੱਕ ਪਹੁੰਚ ਵਿੱਚ ਸੁਧਾਰ।

ਵਿਕਾਸ ਦੇ ਪ੍ਰਸਤਾਵਿਤ ਅਗਲੇ ਪੜਾਅ 'ਤੇ ਆਪਣੇ ਵਿਚਾਰ ਪ੍ਰਾਪਤ ਕਰਨ ਲਈ, ਇੱਕ ਪ੍ਰਸ਼ਨਾਵਲੀ ਨਾਲ ਨੱਥੀ ਹੈ, ਅਤੇ ਨਾਲ ਹੀ ਇੱਕ ਵਿਆਖਿਆਤਮਕ ਪਰਚਾ ਵੀ ਸ਼ਾਮਲ ਹੈ।

ਤੁਸੀਂ www.regeneratingdudley.org.uk ਵਿਖੇ ਪ੍ਰਸ਼ਨਾਵਲੀ ਨੂੰ ਔਨਲਾਈਨ ਵੀ ਭਰ ਸਕਦੇ ਹੋ ਜਿੱਥੇ ਤੁਹਾਨੂੰ ਹੋਰ ਚਿੱਤਰ ਅਤੇ ਇੱਕ ਛੋਟੀ ਵੀਡੀਓ ਮਿਲੇਗੀ ਜੋ ਕੈਸਲ ਹਿੱਲ ਵਾਸਤੇ ਵਿਕਾਸ ਦੇ ਅਗਲੇ ਪੜਾਅ ਬਾਰੇ ਵਧੇਰੇ ਵਰਣਨ ਕਰਦੀ ਹੈ।

ਤੁਹਾਡੀ ਪੂਰੀ ਕੀਤੀ ਪ੍ਰਸ਼ਨਾਵਲੀ ਦੀ ਵਾਪਸੀ ਵਾਸਤੇ ਇੱਕ ਪ੍ਰੀਪੇਡ ਲਿਫਾਫਾ ਪ੍ਰਦਾਨ ਕੀਤਾ ਗਿਆ ਹੈ। ਜਵਾਬਾਂ ਦੀ ਆਖਰੀ ਤਰੀਕ ਬੁੱਧਵਾਰ 16 ਦਸੰਬਰ ਸ਼ਾਮ 5 ਵਜੇ ਹੈ।

ਜੇ ਤੁਸੀਂ ਕੈਸਲ ਹਿੱਲ ਵਾਸਤੇ ਨਵੀਨਤਮ ਦ੍ਰਿਸ਼ਟੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਆਪਣੇ ਖੇਤਰ ਜਾਂ ਭਾਈਚਾਰੇ ਵਾਸਤੇ ਇੱਕ ਵਰਚੁਅਲ ਮੀਟਿੰਗ ਸਥਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਮੰਥਾ ਬ੍ਰਾਈਟ ਨਾਲ 01384 816968 'ਤੇ ਸੰਪਰਕ ਕਰਨ ਜਾਂ samantha.bright@dudley.gov.uk ਨੂੰ ਈਮੇਲ ਕਰੋ।

ਅਸੀਂ ਆਉਣ ਵਾਲੇ ਮਹੀਨਿਆਂ ਵਿੱਚ ਸ਼ਹਿਰ ਵਾਸਤੇ ਵਧੇਰੇ ਪੁਨਰ-ਸਿਰਜਣਾ ਪ੍ਰੋਜੈਕਟਾਂ ਬਾਰੇ ਤੁਹਾਡੇ ਨਾਲ ਗੱਲ ਕਰਾਂਗੇ, ਜਿੰਨ੍ਹਾਂ ਵਿੱਚੋਂ ਕੁਝ ਕੁ ਵਿੱਚ ਵਿਰਾਸਤੀ ਇਮਾਰਤਾਂ ਦਾ ਮੁੜ ਵਿਕਾਸ, ਖਰੀਦਦਾਰੀ ਕੇਂਦਰਾਂ ਵਾਸਤੇ ਰੁਮਾਂਚਕਾਰੀ ਪ੍ਰਸਤਾਂਵਾਂ ਅਤੇ ਵਧੇਰੇ ਜਨਤਕ ਅਤੇ ਖੁੱਲ੍ਹੀਆਂ ਥਾਵਾਂ ਵਿੱਚ ਸੁਧਾਰ ਸ਼ਾਮਲ ਹਨ।

ਡਡਲੀ ਦੇ ਹੋਰ ਨਵੀਨੀਕਰਣ ਨੂੰ ਆਕਾਰ ਦੇਣ ਵਿੱਚ ਮਦਦ ਕਰਨ ਲਈ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ।

ਤੁਹਾਡਾ ਵਫ਼ਾਦਾਰ

Andrew Lovett

**ਐਂਡਰਿਊ ਲਵਟ**
**ਚੇਅਰ, ਡਡਲੀ ਟਾਊਨਜ਼ ਫੰਡ ਬੋਰਡ**

**ਜੇ ਤੁਹਾਨੂੰ ਇਸ ਪੱਤਰ-ਵਿਹਾਰ ਵਿੱਚ ਕਿਸੇ ਸਹਾਇਤਾ ਦੀ ਲੋੜ ਹੈ ਜਾਂ ਤੁਸੀਂ ਕਿਸੇ ਦੁਭਾਸ਼ੀਏ, ਅਨੁਵਾਦ, ਵੱਡੇ ਪ੍ਰਿੰਟ ਜਾਂ ਆਡੀਓ ਸੰਸਕਰਣ ਦੀ ਬੇਨਤੀ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਡਡਲੀ ਕੌਂਸਲ ਨਾਲ 01384 813400, 813401, 813470 'ਤੇ ਸੰਪਰਕ ਕਰੋ ਜਾਂ L2L@dudley.gov.uk 'ਤੇ ਈਮੇਲ ਕਰੋ।**